# President of Maldives Calls on the President

August 02, 2022

..............

# ਮਾਲਦੀਵ ਦੇ ਰਾਸ਼ਟਰਪਤੀ ਨੇ ਕੀਤੀ ਰਾਸ਼ਟਰਪਤੀ ਨਾਲ ਮੁਲਾਕਾਤ

**2 ਅਗਸਤ, 2022**

ਮਾਲਦੀਵ ਗਣਰਾਜ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਇਬਰਾਹਿਮ ਮੁਹੰਮਦ ਸੋਲਹਿ ਨੇ ਅੱਜ ਰਾਸ਼ਟਰਪਤੀ ਭਵਨ ਵਿਖੇ ਭਾਰਤ ਦੀ ਰਾਸ਼ਟਰਪਤੀ ਸ਼੍ਰੀਮਤੀ ਦਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ।

ਰਾਸ਼ਟਰਪਤੀ ਭਵਨ ਵਿੱਚ ਰਾਸ਼ਟਰਪਤੀ ਸੋਲਹਿ ਦਾ ਸੁਆਗਤ ਕਰਦੇ ਹੋਏ ਰਾਸ਼ਟਰਪਤੀ ਨੇ ਕਿਹਾ ਕਿ ਉਹ ਭਾਰਤ ਦੇ ਕਰੀਬੀ ਦੋਸਤ ਅਤੇ ਉੱਘੇ ਨੇਤਾ, ਜਿਨ੍ਹਾਂ ਦੀ ਅਗਵਾਈ ਵਿੱਚ ਮਾਲਦੀਵ ਸਥਿਰ ਅਤੇ ਖੁਸ਼ਹਾਲ ਰਾਸ਼ਟਰ ਵਜੋ ਉਭਰਿਆ ਹੈ, ਨੂੰ ਮਿਲਕੇ ਖੁਸ਼ ਹਨ.

ਰਾਸ਼ਟਰਪਤੀ ਨੇ ਕਿਹਾ ਕਿ ਮਾਲਦੀਵ ਹਿੰਦ ਮਹਾਸਾਗਰ ਖੇਤਰ ਵਿੱਚ ਭਾਰਤ ਦਾ ਪ੍ਰਮੁੱਖ ਭਾਈਵਾਲ ਅਤੇ ਕਰੀਬੀ ਮਿੱਤਰ ਹੈ। ਦੋਹਾਂ ਦੇਸ਼ਾਂ ਦੇ ਵਾਸੀਆਂ ਦੇ ਸਦੀਆਂ ਤੋ ਮਜ਼ਬੂਤ ਸੱਭਿਆਚਾਰਕ, ਆਰਥਿਕ ਅਤੇ ਵਪਾਰਕ ਸਬੰਧ ਹਨ। ਭਾਰਤ ਦੀ 'ਗੁਆਂਢੀ ਪਹਿਲੀ ਨੀਤੀ' ਵਿੱਚ ਮਾਲਦੀਵ ਦੀ ਖਾਸ ਥਾਂ ਹੈ। ਓਹਨਾਂ ਨੂੰ ਇਸ ਗੱਲ 'ਤੇ ਖੁਸ਼ੀ ਹੋਈ ਕਿ ਭਾਰਤ ਦੀ ਲੋੜ-ਅਧਾਰਤ ਵਿੱਤੀ ਅਤੇ ਵਿਕਾਸ ਸਹਾਇਤਾ ਨਾਲ ਮਾਲਦੀਵ ਸਰਕਾਰ ਦੀਆਂ ਵਿਕਾਸ ਤਰਜੀਹਾਂ ਵਿੱਚ ਮਦਦ ਮਿਲ ਰਹੀ ਹੈ।

ਰਾਸ਼ਟਰਪਤੀ ਨੇ ਕਿਹਾ ਕਿ ਭਾਰਤ-ਮਾਲਦੀਵ ਵਿਕਾਸ ਸਹਿਯੋਗ, ਰੱਖਿਆ ਅਤੇ ਸੁਰੱਖਿਆ ਪਹਿਲਾਂ, ਆਰਥਿਕ ਸਬੰਧਾਂ ਅਤੇ ਲੋਕ ਪੱਧਰੀ ਸੰਪਰਕ ਦਾ ਤੇਜ਼ੀ ਨਾਲ ਵਿਸਤਾਰ ਹੋਣਾ  ਮਾਲਦੀਵ ਦੀ ਸਰਕਾਰ ਅਤੇ ਲੋਕਾਂ ਨਾਲ ਭਾਰਤ ਦੇ ਸਬੰਧਾਂ ਲਈ ਸ਼ੁੱਭ ਸੰਕੇਤ ਹੈ। ਉਹਨਾਂ ਨੇ ਕੋਵਿਡ-19 ਦੇ ਪ੍ਰਕੋਪ ਦੌਰਾਨ ਮਾਲਦੀਵ ਦੀ ਸਰਕਾਰ ਅਤੇ ਲੋਕਾਂ ਵੱਲੋ ਵਿਖਾਈ ਗਈ ਹਿੰਮਤ ਅਤੇ ਲਗਨ ਦੀ ਸ਼ਲਾਘਾ ਕੀਤੀ। ਉਹਨਾਂ ਨੇ ਇਸ ਗੱਲ 'ਤੇ ਖੁਸ਼ੀ ਪ੍ਰਗਟਾਈ ਕਿ ਮਹਾਂਮਾਰੀ ਦੌਰਾਨ ਭਾਰਤ-ਮਾਲਦੀਵ ਦੇ ਮਜ਼ਬੂਤ ਸਹਿਯੋਗ ਦੀ ਪੂਰੇ ਖੇਤਰ ਲਈ ਇੱਕ ਆਦਰਸ਼ ਵਜੋ ਸ਼ਲਾਘਾ ਕੀਤੀ ਗਈ ਹੈ।

ਰਾਸ਼ਟਰਪਤੀ ਨੇ ਕਿਹਾ ਕਿ ਸਮਰੱਥਾ ਨਿਰਮਾਣ ਭਾਰਤ-ਮਾਲਦੀਵ ਸਾਂਝੇਦਾਰੀ ਦੇ ਪ੍ਰਮੁੱਖ ਥੰਮ੍ਹ ਵਜੋ ਉਭਰਿਆ ਹੈ। ਉਹਨਾਂ ਨੇ ਭਰੋਸਾ ਪ੍ਰਗਟਾਇਆ ਕਿ ਇਸ ਫੇਰੀ ਦੌਰਾਨ ਕੀਤੇ ਗਏ ਸਮਝੌਤਿਆਂ ਨਾਲ ਮਾਲਦੀਵ ਵਿੱਚ ਸਮਰੱਥਾ ਨਿਰਮਾਣ ਪਹਿਲਾਂ ਨੂੰ ਹੋਰ ਮਜ਼ਬੂਤੀ ਮਿਲੇਗੀ।

ਨਵੀ ਦਿੱਲੀ
2 ਅਗਸਤ, 2022

DISCLAIMER: This is an approximate translation. The original is available in English on MEA’s website and may be referred to as the official press release.